**ਨੰ. 3/20/2010-3ਵਿਪਪਤ/1203**

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)

ਮਿਤੀ: ਚੰਡੀਗੜ੍ਹ 4 ਅਕਤੂਬਰ, 2010

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਡਵੀਜਨਾਂ ਦੇ ਕਮਿਸ਼ਨਰ, ਰਜਿਸਟਰਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ, ਜਿਲ੍ਹਾ ਤੇ ਸ਼ੈਸ਼ਨ ਜੱਜ ਅਤੇ ਰਾਜ ਦੇ ਸਾਰੇ ਡਿਪਟੀ ਕਮਿਸ਼ਨਰ ।

**ਵਿਸ਼ਾ:** **ਤਰਸ ਦੇ ਅਧਾਰ ਉਤੇ ਨਿਯੁਕਤ ਹੋਏ ਕੇਸਾਂ ਵਿੱਚ ਪੈਨਸ਼ਨਰਾਂ / ਫੈਮਲੀ ਪੈਨਸ਼ਨਰਾਂ / ਸਪੈਸ਼ਲ ਫੈਮਲੀ ਪੈਨਸ਼ਨਰਾਂ ਨੂੰ ਮਹਿੰਗਾਈ ਰਾਹਤ ਦੇਣ ਬਾਰੇ ।**

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਇਸ ਵਿਭਾਗ ਦੇ ਪੱਤਰ ਨੰ: 16/66/84-3ਵਿਪਪਤ/4741, ਮਿਤੀ 14-5-01 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਵੱਲ ਦਿਵਾਉਂਦੇਂ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਉਕਤ ਹਦਾਇਤਾਂ ਅਨੁਸਾਰ ਜਿਹੜੇ ਫੈਮਲੀ ਪੈਨਸ਼ਨਰਾਂ ਜਾਂ ਉਸ ਦੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਤਰਸ ਦੇ ਆਧਾਰ ਤੇ ਨੌਕਰੀ ਮਿਲ ਜਾਂਦੀ ਹੈ ਨੂੰ ਮਿਤੀ 14-5-2001 ਤੋਂ ਫੈਮਲੀ ਪੈਨਸ਼ਨ ਤੇ ਮਹਿੰਗਾਈ ਰਾਹਤ ਨਹੀਂ ਦਿੱਤੀ ਜਾਂਦੀ । ਪੰਜਾਬ ਰਾਜ ਦੀਆਂ ਵੱਖ ਵੱਖ ਕਰਮਚਾਰੀ / ਪੈਨਸ਼ਨਰ ਜਥੇਬੰਦੀਆਂ ਵਲੋਂ ਸਰਕਾਰ ਤੋਂ ਇਹ ਮੰਗ ਵਾਰ ਵਾਰ ਕੀਤੀ ਜਾਂਦੀ ਰਹੀ ਕਿ ਤਰਸ ਦੇ ਅਧਾਰ ਤੇ ਨੌਕਰੀ ਪ੍ਰਾਪਤ ਕਰਨ ਵਾਲੇ ਪੈਨਸ਼ਨਰਾਂ ਨੂੰ / ਫੈਮਲੀ ਪੈਨਸ਼ਨ ਤੇ ਮਹਿੰਗਾਈ ਰਾਹਤ ਦਿੱਤੀ ਜਾਵੇ ।

2. ਸਰਕਾਰ ਵਲੋਂ ਇਸ ਮਾਮਲੇ ਨੂੰ ਮੁੜ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਫੈਮਲੀ ਪੈਨਸ਼ਨਰਜ਼ ਜਾਂ ਉਸ ਦੇ ਪਰਿਵਾਰ ਦੇ ਕਿਸੇ ਮੈਂਬਰ ਨੇ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਹੈ, ਨੂੰ ਇਹ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਮਹਿੰਗਾਈ ਰਾਹਤ ਮਿਲਣਯੋਗ ਹੋਵੇਗੀ ।

3. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਸੰਬੰਧ ਵਿੱਚ ਕੋਈ ਵੀ ਏਰੀਅਰ ਮਿਲਣਯੋਗ ਨਹੀਂ ਹੋਣਗੇ ।

ਵਿਸ਼ਵਾਸਪਾਤਰ,

(ਸਹੀ)

(ਉਮ ਪ੍ਰਕਾਸ਼ ਭਾਟਿਆ)

ਅਧੀਨ ਸਕੱਤਰ ਵਿਤ (ਬੀ)